ਨਿਊਜ਼ ਰਿਲੀਜ਼

# ਬੱਜਟ 2025: ਸਿਹਤ ਅਤੇ ਸਿੱਖਿਆ 'ਚ ਚੁਣੌਤੀਆਂ ਦੇ ਸਮਾਧਾਨ ਕਰਨਾਂ

ਬੱਜਟ 2025: ਸਿਹਤ-ਸੰਭਾਲ ਅਤੇ ਸਿੱਖਿਆ 'ਚ ਲਗਾਤਾਰ ਪੂੰਜੀ-ਨਿਵੇਸ਼ ਨਾਲ ਤੇਜ਼ੀ ਨਾਲ ਵਧ ਰਹੀ ਆਬਾਦੀ ਦੀਆਂ ਚੁਣੌਤੀਆਂ ਦੇ ਸਮਾਧਾਨ ਕਰਦੀ ਹੈ।

ਬੱਜਟ 2025 ਰੀਫੋਕਸਡ ਹੈਲਥਕੇਅਰ ਸਿਸਟਮ ਵਾਸਤੇ 28 ਬਿਲੀਅਨ ਡਾਲਰ ਦਾ ਇਕ ਹੋਰ ਰਿਕਾਰਡ ਪੂੰਜੀ -ਨਿਵੇਸ਼ ਕਰਦਾ ਹੈ, ਜਿਹੜਾ ਸਿਸਟਮ ਯਕੀਨੀ ਬਣਾਉਂਦਾ ਹੈ ਕਿ ਹਰੇਕ ਐਲਬਰਟਾ ਵਾਸੀ ਨੂੰ ਉਸਦੇ ਘਰ ਦੇ ਨੇੜੇ ਉੱਚ ਕੁਆਲਿਟੀ ਦੀਆਂ ਭਰੋਸੇਯੋਗ ਸੇਵਾਵਾਂ ਤੱਕ ਪਹੁੰਚ ਹਾਸਲ ਹੋਵੇ। ਬੱਜਟ ਸਰਕਾਰ ਦੀ ਐਕਿਊਟ ਕੇਅਰ, ਪ੍ਰਾਇਮਰੀ ਕੇਅਰ, ਮੈਂਟਲ ਹੈਲਥ ਕੇਅਰ ਅਤੇ ਕਾਂਟੀਨਿਊਇੰਗ ਕੇਅਰ ਦੇ ਚਾਰ ਖੇਤਰਾਂ 'ਚ ਨਿਸ਼ਾਨਾਗਤ, ਵਿਸ਼ੇਸ਼ੀਕ੍ਰਿਤ, ਸਾਂਭ-ਸੰਭਾਲ ਮੁਹੱਈਆ ਕਰਨ ਦੀ ਯੋਜਨਾਂ ਦਾ ਸਮਰਥਨ ਕਰਦਾ ਹੈ।

ਕਿੰਡਰਗਾਰਟਨ ਤੋਂ ਗਰੇਡ 12 ਤੱਕ ਦੀ ਸਿੱਖਿਆ ਲਈ ਕਿਸੇ ਵੀ ਸਮੇਂ ਦੇ ਸਭ ਤੋਂ ਵੱਡੇ 9.9 ਬਿਲੀਅਨ ਡਾਲਰ ਦੇ ਆਪਰੇਟਿੰਗ ਬੱਜਟ ਸਹਿਤ, ਬੱਜਟ 2025 ਹਜ਼ਾਰਾਂ ਵਧੇਰੇ ਅਧਿਆਪਕ ਅਤੇ ਸੁਪੋਰਟ ਸਟਾਫ ਭਰਤੀ ਕਰਨ, ਕਲਾਸਾਂ ਦੇ ਸਾਈਜ਼ ਘਟਾਉਣ ਅਤੇ ਪੇਚੀਦਾ ਕਿਸਮ ਦੀਆਂ ਜ਼ਰੂਰਤਾਂ ਵਾਲੇ ਵਿਦਿਆਰਥੀਆਂ ਨੂੰ ਹੋਰ ਵਧੇਰੇ ਵਿਦਿਅਕ ਸਹਾਇਤਾ ਮੁਹੱਈਆ ਕਰਨ 'ਚ ਮਦਦ ਕਰੇਗਾ।

ਬੱਜਟ ਤਿੰਨ ਸਾਲਾਂ ਦੌਰਾਨ 2.6 ਬਿਲੀਅਨ ਡਾਲਰ ਲਈ ਵੱਡਾ ਪੂੰਜੀ -ਨਿਵੇਸ਼ ਕਰਦਾ ਹੈ ਜੋ, ਪਿਛਲੇ ਬੱਜਟ ਨਾਲੋਂ 23.9 ਪ੍ਰਤਿਸ਼ਤ ਦਾ ਵਾਧਾ ਹੈ। ਇਸ ਵਿਚ 30 ਨਵੇਂ ਸਕੂਲਾਂ, ਪੰਜ ਸਕੂਲਾਂ ਦੇ ਵਿਸਥਾਪਨ, ਤਿੰਨ ਆਧੁਨਿਕੀਕਰਨ ਸਕੂਲ ਪ੍ਰਾਜੈਕਟ, ਤਿੰਨ ਪਬਲਿਕ ਚਾਰਟਰ ਸਕੂਲ ਪ੍ਰਾਜੈਕਟ ਅਤੇ ਮੌਡਿਊਲਰ ਕਲਾਸਰੂਮਾਂ ਦੀ ਯੋਜਨਾਂਬੰਦੀ ਅਤੇ ਡਿਜ਼ਾਈਨ ਨੂੰ ਅੱਗੇ ਵਧਾਉਣ ਲਈ 225 ਮਿਲੀਅਨ ਡਾਲਰ ਸ਼ਾਮਲ ਹਨ। ਇਹ ਸਕੂਲ ਉਨ੍ਹਾਂ 22 ਸਕੂਲਾਂ ਤੋਂ ਇਲਾਵਾ ਹਨ ਜਿੰਨ੍ਹਾਂ ਦੀ ਉਸਾਰੀ ਸਕੂਲ ਕੰਸਟ੍ਰੱਕਸ਼ਨ ਐਕਸੈਲਰੇਟਰ ਪ੍ਰੋਗਰਾਮ ਤਹਿਤ ਉਸਾਰੀ ਦੇ ਅਗਾਂਹ ਦੇ ਪੜਾਅ ਤੱਕ ਪੁੱਜ ਚੁੱਕੀ ਹੈ, ਜੋ 2024 'ਚ ਸ਼ੁਰੂ ਹੋਈ ਸੀ। 28 ਹੋਰ ਪ੍ਰਾਜੈਕਟ ਉਸਾਰੀ ਦੇ ਵੱਖ ਵੱਖ ਪੜਾਵਾਂ 'ਚ ਹਨ। ਐਲਬਰਟਾ ਸਰਕਾਰ ਸੂਬੇ ਭਰ 'ਚ ਬਹੁਤ ਲੋੜੀਂਦੇ ਸਕੂਲ ਉਸਾਰਨ ਲਈ ਵਚਨਬਧ ਹੈ ਅਤੇ 100 ਨਾਲੋਂ ਵਧੇਰੇ ਨਵੇਂ ਅਤੇ ਅੱਪਡੇਟ ਕੀਤੇ ਸਕੂਲ  - ਜਾਂ ਤਕਰੀਬਨ 200,000 ਵਿਦਿਆਰਥੀ ਅਸਾਮੀਆਂ - ਆਉਂਦੇ ਸੱਤ ਸਾਲਾਂ ਦੌਰਾਨ ਮੁਹੱਈਆ ਕਰਨ ਦਾ ਨਿਸ਼ਾਨਾਂ ਰੱਖਦੀ ਹੈ।

"ਸਾਰੇ ਐਲਬਰਟਾ ਨਿਵਾਸੀ ਸਾਡੇ ਸਿਹਤ-ਸੰਭਾਲ ਅਤੇ ਵਿਦਿਅਕ ਸਿਸਟਮਾਂ ਦੁਆਰਾ ਜੋ ਸਭ ਤੋਂ ਵਧੀਆ ਪੇਸ਼ ਕੀਤਾ ਜਾ ਸਕਦਾ ਹੈ, ਉਹ ਪ੍ਰਾਪਤ ਕਰਨ ਦੇ ਹੱਕਦਾਰ ਹਨ। ਐਲਬਰਟਾ ਵਧ ਫੂਲ ਰਿਹਾ ਹੈ ਕਿਉਂਕਿ ਬਹੁਤ ਸਾਰੇ ਪਰਿਵਾਰ ਇਸ ਨੂੰ ਆਪਣੇ ਘਰ ਵਜੋਂ ਚੁਣ ਰਹੇ ਹਨ। ਬੱਜਟ 2025 ਸੂਬੇ ਦੀਆਂ ਵਧ ਰਹੀਆਂ ਮੰਗਾਂ ਦੀ ਪੂਰਤੀ 'ਚ ਮਦਦ ਕਰੇਗਾ, ਜਦ ਕਿ

ਨਾਲ ਹੀ ਉਹ ਸੇਵਾਵਾਂ ਮੁਹੱਈਆ ਕਰਨੀਆਂ ਜਾਰੀ ਰੱਖੇਗਾ, ਜਿੰਨ੍ਹਾਂ 'ਤੇ ਐਲਬਰਟਾ ਨਿਵਾਸੀ ਭਰੋਸਾ ਰੱਖਦੇ 'ਤੇ ਨਿਰਭਰ ਕਰਦੇ ਹਨ।"

*Nate Horner, ਪ੍ਰੈਜ਼ੀਡੈਂਟ ਆਫ ਟ੍ਰਈਜ਼ਰੀ ਬੋਰਡ ਐਂਡ ਮਿਨਿਸਟਰ ਆਫ ਫਾਇਨੈਂਸ*

## ਬੱਜਟ 2025: ਹੈਲਥ ਕੇਅਰ ਨੂੰ ਮਜ਼ਬੂਤ ਕਰਨਾਂ

ਬੱਜਟ 2025 ਸਰਕਾਰ ਦੀ ਰੀਫੋਕਸਡ ਹੈਲਥ ਕੇਅਰ ਸਿਸਟਮ ਉਸਾਰਨ ਦੀ ਯੋਜਨਾਂ ਦਾ ਸਮਰਥਨ ਕਰਦਾ ਹੈ, ਜਿਹੜਾ ਸਿਸਟਮ ਐਲਬਰਟਾ ਨਿਵਾਸੀਆਂ ਨੂੰ ਲੋੜੀਂਦਾ ਸਿਹਤ-ਸੰਭਾਲ ਜਦੋਂ ਵੀ ਅਤੇ ਜਿੱਥੇ ਵੀ ਉਹ ਲੋੜਦੇ ਹੋਣ, ਮੁਹੱਈਆ ਕਰੇਗਾ।

ਬੱਜਟ 2025 'ਚ ਸਾਰੇ ਰੀਫੋਕਸਡ ਹੈਲਥ ਕੇਅਰ ਸਿਸਟਮ 'ਚ ਪੂੰਜੀ-ਨਿਵੇਸ਼ 'ਚ ਸ਼ਾਮਲ ਹੈ:

- ਹਰੇਕ ਐਲਬਰਟਾ ਵਾਸੀ ਨੂੰ ਕਿਸੇ ਮੁਢਲੀ ਸਿਹਤ-ਸੰਭਾਲ ਟੀਮ ਨਾਲ ਜੋੜਨ ਅਤੇ ਫੈਮਿਲੀ ਡਾਕਟਰਾਂ ਤੇ ਫਰੰਟਲਾਈਨ ਹੈਲਥ-ਕੇਅਰ ਪ੍ਰੋਫੈਸ਼ਨਲਾਂ ਤੱਕ ਪਹੁੰਚ ਵਿਚ ਸੁਧਾਰ ਲਿਆਉਣ ਲਈ ਮੁਢਲੀ ਸਿਹਤ-ਸੰਭਾਲ ਵਾਸਤੇ 644 ਮਿਲੀਅਨ ਡਾਲਰ। ਇਸ ਵਿਚ ਨਰਸ ਪ੍ਰੈਕਟੀਸ਼ਨਰਾਂ ਦੇ ਕੰਮ ਨੂੰ ਸਹਿਯੋਗ ਦੇਣ ਲਈ 20 ਮਿਲੀਅਨ ਡਾਲਰ ਸ਼ਾਮਲ ਹਨ।

- ਐਕਿਊਟ ਕੇਅਰ/ਗੰਭੀਰ ਫੌਰੀ ਸਿਹਤ ਸੰਭਾਲ ਲਈ 4.6 ਬਿਲੀਅਨ ਡਾਲਰ, ਜੋ ਮਰੀਜ਼ਾਂ ਦੀ ਵੱਧ ਰਹੀ ਗਿਣਤੀ ਅਤੇ ਇੰਜ ਵੱਧ ਸੇਵਾਵਾਂ ਦੇਣ ਦੀ ਜ਼ਰੂਰਤ ਨੂੰ ਪੂਰਿਆਂ ਕਰਨ ਲਈ ਹੁੰਦੇ ਵਧ ਖਰਚਿਆਂ 'ਚ ਮਦਦ ਲਈ ਅਤੇ ਹਸਪਤਾਲਾਂ, ਅਰਜੈਂਟ ਕੇਅਰ ਸੈਂਟਰਾਂ, ਚਾਰਟਰਡ ਸਰਜੀਕਲ ਅਤੇ ਹੋਰ ਹੈਲਥ ਫੈਸਿਲਿਟੀਆਂ 'ਚ ਐਕਿਊਟ ਕੇਅਰ ਸਿਸਟਮ 'ਚ ਤਰੱਕੀ ਲਿਆਉਣ ਲਈ ਹਨ।

- ਤਿੰਨ ਸਾਲਾਂ ਦੌਰਾਨ ਇੰਡਿਜਨਸ ਸਿਹਤ ਪਹਿਲਕਦਮੀਆਂ ਲਈ 45 ਮਿਲੀਅਨ ਡਾਲਰ, ਜੋ ਸਿਹਤ ਸੇਵਾਵਾਂ 'ਚ ਅਸਮਾਨਤਾਵਾਂ ਨੂੰ ਹੱਲ ਕਰਨ ਅਤੇ ਸਿਹਤ, ਤੰਦਰੁਸਤੀ ਅਤੇ ਵਧੀਕ ਵਿਕਲਪਾਂ ਦੇ ਵਾਧੇ ਵਾਸਤੇ ਹਨ।

- 7 ਬਿਲੀਅਨ ਡਾਲਰ ਡਾਕਟਰਾਂ ਦੇ ਮੁਆਵਜ਼ੇ ਅਤੇ ਵਿਕਾਸ ਵਾਸਤੇ, ਜਿਸ 'ਚ 15 ਮਿਲੀਅਨ ਡਾਲਰ ਉਨ੍ਹਾਂ ਦੀ ਭਰਤੀ ਅਤੇ ਰਖੇਵੇਂ ਵਾਸਤੇ ਹਨ।

- 1.9 ਮਿਲੀਅਨ ਡਾਲਰ ਡਰੱਗਾਂ ਅਤੇ ਸਪਲੀਮੈਂਟਲ ਹੈਲਥ ਬੈਨੇਫਿਟਾਂ ਵਾਸਤੇ, ਸਮੇਤ ਸੀਨੀਅਰ ਡਰੱਗ ਪ੍ਰੋਗਰਾਮ, ਜਿਹੜਾ ਇਸਦਾ ਸਭ ਤੋਂ ਵੱਡਾ ਭਾਗ ਹੈ ਜੋ 700,000 ਸੀਨੀਅਰਾਂ ਨੂੰ ਸਹਾਇਤਾ ਦਿੰਦਾ ਹੈ।

- 1.7 ਬਿਲੀਅਨ ਡਾਲਰ ਨਸ਼ੇੜੀਪੁਣੇ ਅਤੇ ਮਾਨਿਸਕ ਸਿਹਤ ਸੇਵਾਵਾਂ ਦੀ ਸਹਾਇਤਾ ਵਾਸਤੇ, ਤਾਂ ਜੋ ਉਨ੍ਹਾਂ ਐਬਲਰਟਾ ਨਿਵਾਸੀਆਂ ਨੂੰ ਸਹਾਇਤਾ ਪ੍ਰਾਪਤੀ ਤੱਕ ਪਹੁੰਚ ਕਰਨ 'ਚ ਵਾਧਾ ਕੀਤਾ ਜਾ ਸਕੇ, ਜਿੰਨ੍ਹਾਂ ਨੂੰ

ਰਿਕਵਰੀ ਅਤੇ ਨਿੱਜੀ ਤੰਦਰੁਸਤੀ ਵਾਸਤੇ ਸਹਾਇਤਾ ਦੀ ਲੋੜ ਹੈ। ਇਸ ਵਿਚ ਕੰਪੈਸ਼ਨੇਟ ਇੰਟਰਵੈਂਸ਼ਨ ਫਰੇਮਵਰਕ, ਰਿਕਵਰੀ ਐਲਬਰਟਾ ਸੇਵਾਵਾਂ ਲਈ ਸਹਾਇਤਾ, ਨਵੀਂਆਂ ਰਿਕਵਰੀ ਕਮਿਊਨਿਟੀਆਂ ਅਤੇ ਪੇਚੀਦਾ ਕਿਸਮ ਦੀਆਂ ਮਾਨਸਿਕ ਸਿਹਤ ਜ਼ਰੂਰਤਾਂ ਵਾਲੇ ਵਿਦਿਆਰਥੀਆਂ ਲਈ ਕਲੀਨੀਕਲ ਸਹਾਇਤਾ ਵਾਸਤੇ ਮੈਂਟਲ ਹੈਲਥ ਕਲਾਸਰੂਮਾਂ 'ਚ ਵਾਧਾ ਕਰਨਾਂ ਸ਼ਾਮਲ ਹੈ।

- 3.8 ਬਿਲੀਅਨ ਡਾਲਰ ਅਸਿਸਟਡ ਲਿਵਿੰਗ ਐਲਬਰਟਾ, ਕਾਂਟੀਨਿਊਇੰਗ ਕੇਅਰ ਦੀ ਇਕ ਨਵੀਂ ਸੂਬਾਈ ਏਜੰਸੀ, ਵਾਸਤੇ ਜਿਹੜੀ ਸਮੁੱਚੀ ਪ੍ਰਕਾਰ ਦੀ ਮੈਡੀਕਲ ਅਤੇ ਨਾਨ-ਮੈਡੀਕਲ ਸਹਾਇਤਾ, ਹੋਮ ਕੇਅਰ, ਕਮਿਊਨਿਟੀ ਕੇਅਰ ਅਤੇ ਸਮਾਜਿਕ ਸੇਵਾਵਾਂ ਪ੍ਰਦਾਨ ਕਰੇਗੀ।

ਤਿੰਨ ਸਾਲਾਂ ਦੌਰਾਨ ਕੁੱਲ 3.6 ਬਿਲੀਅਨ ਡਾਲਰ ਨਵੇਂ ਅਰਜੈਂਟ ਕੇਅਰ ਅਤੇ ਪ੍ਰਾਈਮਰੀ ਕੇਅਰ ਸੈਂਟਰ ਬਣਉਣ, ਮੌਜੂਦਾ ਹਸਪਤਾਲਾਂ ਦੀ ਸਮਰੱਥਾ ਵਧਾਉਣ, ਸਜਰੀਕਲ ਸਮਰੱਥਾ 'ਚ ਵਿਸਤਾਰ ਲਿਆਉਣ, ਪੇਂਡੂ ਹਸਪਤਾਲਾਂ ਅਤੇ ਹੈਲਥ ਫੈਸਿਲਿਟੀਆਂ ਨੂੰ ਵਧਾਉਣ, ਅਤੇ ਚੰਗੇਰੇ ਸਿਹਤ ਨਤੀਜਿਆਂ ਵਾਸਤੇ ਪੁਰਾਣੇ ਹੋ ਗਏ ਸਾਜ਼-ਸਮਾਨ ਨੂੰ ਬਦਲਣ 'ਚ ਸਹਾਈ ਹੋਣਗੇ। ਇੰਨ੍ਹਾਂ 'ਚ ਸ਼ਾਮਲ ਹੈ:

- 769 ਮਿਲੀਅਨ ਡਾਲਰ ਐਲਬਰਟਾ ਕਾਂਟਨਿਊਇੰਗ ਕੇਅਰ/ਲਗਾਤਾਰੀ ਸਿਹਤ ਸੰਭਾਲ 'ਚ ਪ੍ਰੀਵਰਤਨਕਾਰੀ ਤਬਦੀਲੀਆਂ ਲਿਆਉਣ, ਅਸਿਸਟਡ ਲਿਵਿੰਗ/ਸਹਾਇਤਾਯੁਕਤ ਰਿਹਾਇਸ਼ਾਂ ਦੀ ਗਿਣਤੀ ਵਧਾਉਣ ਅਤੇ ਮੌਜੂਦਾ ਅਸਿਸਟਡ ਲਿਵਿੰਗ ਸਥਾਨਾਂ ਨੂੰ ਆਧੁਨਿਕ ਬਣਾਉਣ 'ਚ ਸਹਾਇਤਾ ਕਰਨ ਵਾਸਤੇ।

- 265 ਮਿਲੀਅਨ ਡਾਲਰ ਐਲਬਰਟਾ ਇੰਨੀਸ਼ੀਏਟਿਵ ਕੈਪੀਟਲ ਪ੍ਰੋਗਰਾਮ ਨੂੰ, ਸਰਜੀਕਲ ਸਮਰੱਥਾ 'ਚ ਬੜ੍ਹਾਵੇ ਵਾਸਤੇ ਅਪਰੇਟਿੰਗ ਰੂਮਾਂ ਦੇ ਵਿਸਥਾਰ, ਨਵਿਆਉਣ ਅਤੇ ਹੋਰ ਉਸਾਰਨ ਲਈ।

- ਮਰੀਜ਼ਾਂ ਨੂੰ ਸਿਹਤ-ਸੰਭਾਲ ਮੁਹੱਈਆ ਕਰਨ ਲਈ ਵਿਸ਼ੇਸ਼ੀਕ੍ਰਿਤ ਕੰਪੈਸ਼ਨੇਟ ਇੰਟਰਵੈਂਸ਼ਨ ਫੈਸਿਲਿਟੀਆਂ ਦੇ ਵਿਕਾਸ ਵਾਸਤੇ 207 ਮਿਲੀਅਨ ਡਾਲਰ।

- ਸੂਬੇ ਭਰ 'ਚ ਡਾਇਗਨਾਸਟਿਕ/ਰੋਗ-ਪਛਾਣ ਸਮਰੱਥਾਵਾਂ ਵਧਾਉਣ ਲਈ ਨਵੀਂ ਫੰਡਿੰਗ ਵਜੋਂ 168 ਮਿਲੀਅਨ ਡਾਲਰ।

- ਰਿਕਵਰੀ ਕਮਿਊਨਿਟੀਆਂ ਦੀ ਉਸਾਰੀ ਜਾਰੀ ਰੱਖਣ ਲਈ 148 ਮਿਲੀਅਨ ਡਾਲਰ। ਇੰਡਿਜਨਸ ਕਮਿਊਨਿਟੀਆਂ ਵਿਚ ਪੰਜਾਂ ਦੇ ਸਮੇਤ, ਕੁਲ 11 ਰਿਕਵਰੀ ਕਮਿਊਨਿਟੀਆਂ ਮਨਜ਼ੂਰ ਕੀਤੀਆਂ ਗਈਆਂ ਹਨ, ਜਿੰਨ੍ਹਾਂ 'ਚੋਂ ਕੈਲਗਰੀ ਰਿਕਵਰੀ ਕਮਿਊਨਿਟੀ 2025 'ਚ ਖੁੱਲ੍ਹ ਰਹੀ ਹੈ। ਹੁਣ ਤੱਕ ਰੈੱਡ ਡੀਅਰ, ਲੈੱਥਬ੍ਰਿੱਜ ਅਤੇ ਗੁੰਨ 'ਚ ਨਸ਼ੇੜੀਪੁਣੇ ਦੇ ਇਲਾਜ ਦੇ 200 ਨਵੇਂ ਬੈੱਡ ਚੱਲ ਰਹੇ ਹਨ।

- 3 ਸਾਲਾਂ ਦੌਰਾਨ ਨਵੇਂ ਐਮਰਜੈਂਸੀ ਮੈਡੀਕਲ ਸਰਵਿਸਿਜ਼ ਵਾਹਨ ਅਤੇ ਐਂਬੂਲੈਂਸਾਂ ਖਰੀਦਣ, ਮੌਜੂਦਾ ਫਲੀਟ ਨੂੰ ਅੱਪਗਰੇਡ ਕਰਨ ਅਤੇ ਹੋਰ ਸਾਜ਼ ਸਮਾਨ ਖਰੀਦਣ ਵਾਸਤੇ 60 ਮਿਲੀਅਨ ਡਾਲਰ। .

“ਬੱਜਟ 2025 ਐਲਬਰਟਾ ਦੇ ਸਿਹਤ-ਸੰਭਾਲ ਸਿਸਟਮ ਨੂੰ ਰੀਫੋਕਸ ਕਰਨ, ਐਲਬਰਟਾ ਵਾਸੀਆਂ ਲਈ ਸੇਵਾਵਾਂ ਤੱਕ ਪਹੁੰਚ ਵਿਚ ਸੁਧਾਰ ਕਰਨ ਅਤੇ ਫਰੰਟਲਾਈਨ ਵਰਕਰਾਂ ਦੀ ਸਹਾਇਤਾ ਕਰਨ ਦੀ ਸਾਡੀ ਪ੍ਰਤਿਬਧਤਾ 'ਤੇ ਆਧਾਰਿਤ ਹੈ। ਮੁੱਢਲੀ ਸਿਹਤ-ਸੰਭਾਲ, ਕੈਪੀਟਲ ਪ੍ਰਾਜੈਕਟਾਂ, ਇੰਡਿਜਨਸ ਹੈਲਥ ਅਤੇ ਗੰਭੀਰ ਫੌਰੀ ਸੇਵਾਵਾਂ ਦੇ ਖੇਤਰ 'ਚ ਮਹੱਤਵਪੂਰਨ ਪੂੰਜੀ-ਨਿਵੇਸ਼ਾਂ ਸਹਿਤ ਅਸੀਂ ਯਕੀਨੀ ਬਣਾ ਰਹੇ ਹਾਂ ਕਿ ਐਲਬਰਟਾ ਵਾਸੀ ਉਹ ਸਿਹਤ-ਸੰਭਾਲ ਪ੍ਰਾਪਤ ਕਰਨ ਜਿਸ ਦੀ ਉਨ੍ਹਾਂ ਨੂੰ ਲੋੜ ਹੈ, ਜਦੋਂ ਵੀ ਅਤੇ ਜਿੱਥੇ ਵੀ ਲੋੜ ਹੋਵੇ।"
*Adriana LaGrange, ਮਿਨਿਸਟਰ ਆਫ ਹੈਲਥ*

“ਐਲਬਰਟਾ ਰਿਕਵਰੀ ਮਾਡਲ ਦੁਆਰਾ ਚੱਲਿਤ, ਐਲਬਰਟਾ ਐਡਿਕਸ਼ਨ/ਨਿਸ਼ੇੜੀਪੁਣੇ ਦੇ ਇਲਾਜ ਅਤੇ ਰਿਕਵਰੀ ਲਈ ਇਕ ਅੰਤਰਰਾਸ਼ਟਰੀ ਆਗੂ ਹੈ। ਅਸੀਂ ਐਲਬਰਟਾ ਵਾਸੀਆਂ ਦੀ ਤੰਦਰੁਸਤੀ ਅਤੇ ਮਾਨਸਿਕ ਬਿਮਾਰੀਆਂ ਜਾਂ ਨਿਸ਼ੇੜੀਪੁਣੇ ਨਾਲ ਜੂਝ ਰਹੇ ਵਾਸੀਆਂ ਨੂੰ ਆਪਣੀਆਂ ਜ਼ਿੰਦਗੀਆਂ ਨੂੰ ਮੁੜ ਪੈਰਾਂ ਸਿਰ ਖੜ੍ਹੀਆਂ ਕਰਨ 'ਚ ਲੋੜੀਂਦੀਆਂ ਸੇਵਾਵਾਂ ਮੁਹੱਈਆ ਕਰਨ ਲਈ ਪ੍ਰਤਿਬਧ  ਰਹਿ ਰਹੇ ਹਾਂ। ਅਸੀਂ ਸੂਬੇ ਭਰ 'ਚ ਨਵੀਂਆ ਫੈਸਿਲਿਟੀਆਂ ਉਸਾਰਨ ਦੁਆਰਾ ਇਲਾਜ ਸੇਵਾਵਾਂ ਤੱਕ ਪਹੁੰਚ ਵਿਚ ਵਿਸਤਾਰ ਲਿਆਉਣ ਲਈ ਵੀ ਪ੍ਰਤਿਬਧ ਹਾਂ।”
*Dan Williams, ਮਿਨਿਸਟਰ ਆਫ ਮੈਂਟਲ ਹੈਲਥ ਐਂਡ ਐਡਿਕਸ਼ਨ*

## ਬੱਜਟ 2025: ਕਿੰਡਰਗਾਰਟਨ ਤੋਂ ਗਰੇਡ 12 ਤੱਕ (ਕੇ-12) ਦੀ ਸਿੱਖਿਆ 'ਚ ਪੂੰਜੀ-ਨਿਵੇਸ਼ ਕਰਨਾਂ

ਐਲਬਰਟਾ ਨਿਵਾਸੀ ਹੁਣ ਅਤੇ ਭਵਿੱਖ ਵਿਚ ਵੀ ਵਿਸ਼ਵਪੱਧਰੀ ਸਿੱਖਿਆ ਦੇ ਹੱਕਦਾਰ ਹਨ। ਬੱਜਟ 2025 9.9 ਬਿਲੀਅਨ ਡਾਲਰ ਦਾ 2025-26 ਲਈ ਆਪਰੇਟਿੰਗ ਖਰਚੇ ਦਾ ਬੱਜਟ ਮੁਹੱਈਆ ਕਰਦਾ ਹੈ, ਜੋ 2024-25 ਦੀ ਤੀਸਰੀ ਤਿਮਾਹੀ ਦੇ ਅੰਦਾਜ਼ੇ ਨਾਲੋਂ 4.5 ਪ੍ਰਤੀਸ਼ਤ ਦਾ ਵਾਧਾ ਹੈ।

- 2025-26 'ਚ ਦਾਖਲਿਆਂ 'ਚ ਵਧੀਕ ਵਾਧੇ ਨਾਲ ਨਜਿੱਠਣ 'ਚ ਮਦਦ ਕਰਨ ਵਾਸਤੇ 54 ਮਿਲੀਅਨ ਡਾਲਰ, ਨਾਲ ਹੀ ਆਉਂਦੇ ਦੋ ਸਾਲਾਂ ਲਈ 348 ਮਿਲੀਅਨ ਡਾਲਰ।
- ਫੰਡਿੰਗ ਫਾਰਮੂਲੇ ਦੇ ਅੰਤਰਗਤ ਵਾਧੇ ਵਾਸਤੇ ਵਧਾਈ ਹੋਈ ਸਥਿਰ ਕਿਸਮ ਦੀ ਫੰਡਿੰਗ ਪ੍ਰਦਾਨ ਕਰਨ ਲਈ ਸਕੂਲ ਅਥਾਰਿਟੀਆਂ ਨੂੰ ਫੰਡਿੰਗ ਫਾਰਮੂਲਾ ਵਿਵਸਥਤ ਕਰਨ ਹਿੱਤ 2025-26 'ਚ 55 ਮਿਲੀਅਨ ਡਾਲਰ ਦਾ ਵਾਧਾ ਅਤੇ ਆਉਂਦੇ 2 ਸਾਲਾਂ ਲਈ ਹਰੇਕ ਸਾਲ 94 ਮਿਲੀਅਨ ਡਾਲਰ ਹੋਰ।
- ਕੁਲ ਮਿਲਾਕੇ, ਵਾਧੇ ਨਾਲ ਨਿਪਟਣ ਅਤੇ 4,000 ਤੋਂ ਵਧੇਰੇ ਨਵੇਂ ਅਧਿਆਪਕ ਅਤੇ ਕਲਾਸਰੂਮ ਸਟਾਫ ਭਰਤੀ ਕਰਨ ਲਈ ਆਉਂਦੇ ਤਿੰਨ ਸਾਲਾਂ ਦੌਰਾਨ 1.1 ਬਿਲੀਅਨ ਡਾਲਰ ਮੁਹੱਈਆ ਕੀਤੇ ਜਾਣਗੇ।
- ਸਿੱਖਣ ਦੀਆਂ ਵਿਸ਼ੇਸ਼ਕ੍ਰਿਤ ਲੋੜਾਂ ਵਾਲੇ ਵਿਦਿਆਰਥੀਆਂ ਜਾਂ ਵਿਦਿਆਰਥੀਆਂ ਦੇ ਗਰੁੱਪ ਜਿੰਨ੍ਹਾਂ ਨੂੰ ਵਧੀਕ

ਸਹਾਇਤਾ ਦੀ ਲੋੜ ਹੁੰਦੀ ਹੈ, ਉਨ੍ਹਾਂ ਦੀ ਮਦਦ ਵਾਸਤੇ 2025-26 'ਚ 1.6 ਬਿਲੀਅਨ ਤੋਂ ਵਧੇਰੇ ਡਾਲਰ।

- 2025-26 'ਚ 55 ਮਿਲੀਅਨ ਡਾਲਰ ਦਾ ਇਕ ਪੂੰਜੀ-ਨਿਵੇਸ਼ ਜੋ ਪਿਛਲੇ ਸਾਲ ਨਾਲੋਂ 20 ਪ੍ਰਤਿਸ਼ਤ ਵੱਧ ਹੈ, ਸਕੂਲ ਅਥਾਰਿਟੀਆਂ ਨੂੰ ਕੰਪਲੈਕਸ ਕਲਾਸਰੂਮਾ, ਹੋਰ ਸਟਾਫ ਅਤੇ ਸਹਾਇਤਾ ਵਧਾ ਸਕਣ ਦੀ ਅਗਿਆ ਦੇਵੇਗਾ ਤਾਂ ਜੋ ਵਿਦਿਆਰਥੀ ਲੋੜੀਂਦਾ ਫੋਕਸ ਅਤੇ ਧਿਆਨ ਪ੍ਰਾਪਤ ਕਰ ਸਕਣ।
- ਤਿੰਨ ਸਾਲਾਂ ਦੌਰਾਨ 389 ਮਿਲੀਅਨ ਡਾਲਰ ਵਿਦਿਅਕ ਫੈਸਿਲਿਟੀਆਂ ਦੀ ਸਾਂਭ-ਸੰਭਾਲ ਦੇ ਵਧਦੇ ਖਰਚਿਆਂ, ਨਾ ਟਾਲ਼ੇ ਜਾ ਸਕਣ ਵਾਲੇ ਖਰਚੇ ਜਿਵੇਂ ਇੰਸ਼ੋਰੈਂਸ ਅਤੇ ਯੂਟਿਲਿਟੀਆਂ ਅਤੇ ਵਿਦਿਆਰਥੀਆਂ ਨੂੰ ਪ੍ਰੋਗਰਾਮ ਅਤੇ ਸੇਵਾਵਾਂ ਮੁਹੱਈਆ ਕਰਨ ਦੇ ਖਰਚਿਆਂ ਦੀ ਭਰਪਾਈ ਵਾਸਤੇ ਫੰਡਿੰਗ ਰੇਟਾਂ 'ਚ ਵਾਧੇ ਮੁਹੱਈਆ ਕਰਨਗੇ।

"ਬੱਜਟ 2025 ਸਾਡੇ ਵਿਦਿਅਕ ਸਿਸਟਮ ਦੁਆਰਾ ਅਨੁਭਵ ਕੀਤੀਆਂ ਜਾ ਰਹੀਆਂ ਚੁਣੌਤੀਆਂ 'ਚੋਂ ਬਹੁਤੀਆਂ ਦੇ ਹੱਲ ਪੇਸ਼ ਕਰਦਾ ਹੈ। ਅਸੀਂ ਹੋਰ ਅਧਿਆਪਕ ਭਰਤੀ ਕਰਨ, ਹੋਰ ਸਕੂਲ ਉਸਾਰਨ ਅਤੇ ਆਪਣੇ ਸਭ ਤੋਂ ਛੋਟੇ ਸਿੱਖਿਅਕਾਂ ਨੂੰ ਸੰਭਵ ਪ੍ਰਕਾਰ ਦੀ ਉੱਤਮ ਸ਼ੁਰੂਆਤ ਦੇਣ ਲਈ ਨਵੇਂ ਪੂੰਜੀ-ਨਿਵੇਸ਼ ਕਰ ਰਹੇ ਹਾਂ। ਮੈਂ ਐਲਬਰਟਾ ਨਿਵਾਸੀਆਂ ਨੂੰ ਇਕ ਤਕੜਾ ਵਿਦਿਅਕ ਬੱਜਟ ਦੇਣ ਲਈ ਉਤਸ਼ਾਹਿਤ ਹਾਂ ਅਤੇ ਮੈਨੂੰ ਵਿਸ਼ਵਾਸ਼ ਹੈ ਕਿ ਇਹ ਸਾਡੇ ਵਿਦਿਅਕ ਸਿਸਟਮ ਨੂੰ ਵਿਸ਼ਵ-ਪੱਧਰੀ ਬਣਾਈ ਰੱਖਣ 'ਚ ਮਦਦ ਕਰੇਗਾ।"
*Demetrios Nicolaides, ਮਿਨਿਸਟਰ ਆਫ ਐਜੂਕੇਸ਼ਨ*

ਜਿਵੇਂ ਕਿ ਐਲਬਰਟਾ ਪਰਿਵਾਰਾਂ, ਵਰਕਰਾਂ ਅਤੇ ਬਿਜਨਸਾਂ ਨੂੰ ਆਪਣੇ ਵੱਲ ਖਿੱਚਣਾ ਜਾਰੀ ਰੱਖ ਰਿਹਾ ਹੈ, ਸਿਹਤ-ਸੰਭਾਲ ਅਤੇ ਸਿੱਖਿਆ ਖੇਤਰ 'ਚ ਰਣਨੀਤਕ ਕਿਸਮ ਦੇ ਪੂੰਜੀ-ਨਿਵੇਸ਼ ਤਤਕਾਲੀ ਜ਼ਰੂਰਤਾਂ ਨੂੰ ਹੱਲ ਕਰਨਗੇ ਅਤੇ ਲੰਮੇ ਸਮੇਂ ਦੀ ਖੁਸ਼ਹਾਲੀ ਲਈ ਆਧਾਰਭੂਤ ਕੰਮ ਕਰਨਗੇ।

*ਬੱਜਟ 2025 ਸਿੱਖਿਆ ਅਤੇ ਸਿਹਤ ਖੇਤਰ 'ਚ ਲਗਾਤਾਰ ਪੂੰਜੀ-ਨਿਵੇਸ਼ ਕਰਨ, ਪਰਿਵਾਰਾਂ ਲਈ ਘੱਟ ਟੈਕਸਾਂ ਅਤੇ ਆਰਥਿਕਤਾ 'ਤੇ ਫੋਕਸ ਕਰਨ ਦੁਆਰਾ ਐਲਬਰਟਾ ਨੂੰ ਦਰਪੇਸ਼ ਚੁਣੌਤੀਆਂ ਦੇ ਸਮਾਂਧਾਨ ਕਰਦਾ ਹੈ।*

## ਸਬੰਧਤ ਜਾਣਕਾਰੀ

- Budget 2025
- **Alberta recovery Model**

## ਸੰਬਧਤ ਖ਼ਬਰਾਂ

- Budget 2025: Meeting the challenge (27 ਫਰਵਰੀ, 2025)
- Budget 2025: Investing in Alberta Future (27 ਫਰਵਰੀ, 2025)

## ਮਲਟੀਮੀਡੀਆ

- ਬੱਜਟ ਐਡਰੈਸ ਵੇਖੋ
- ਦਿ ਨਿਊਜ਼ ਕਾਨਫਰੰਸ ਵੇਖੋ
- ਦਿ ਨਿਊਜ਼ ਕਾਨਫਰੰਸ ਨੂੰ ਸੁਣੋ